ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਸ਼ੁੱਕਰਵਾਰ, 19 ਜਨਵਰੀ 2018

# ਵਿਦਿਆਰਥੀਆਂ ਵੱਲੋਂ ਆਈਆਈਟੀ ਦਾ ਦੌਰਾ



ਬੇਲਾ ਕਾਲਜ ਦੇ ਵਿਦਿਆਰਥੀ ਆਈਆਈਟੀ ਰੂਪਨਗਰ ਦਾ ਦੌਰਾ ਕਰਨ ਸਮੇਂ।
-ਫੋਟੋ: ਬੱਬੀ

**ਚਮਕੌਰ ਸਾਹਿਬ:** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੇ ਗਣਿਤ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਬੀਤੇ ਦਿਨ ਆਈਆਈਟੀ ਰੂਪਨਗਰ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਗਣਿਤ ਵਿਭਾਗ ਦੇ ਮੁਖੀ ਡਾ. ਸੁਭਾਸ਼ ਚੰਦਰਮਾਰਥਾ ਨੇ ਗਣਿਤ ਵਿੱਚ ਹੋ ਰਹੀਆਂ ਉੱਚ ਪੱਧਰੀ ਖੋਜਾਂ ਤੇ ਪੀਐੱਚਡੀ ਬਾਰੇ ਚਾਨਣਾ ਪਾਇਆ। ਉਨ੍ਹਾਂ ਤੋਂ ਇਲਾਵਾ ਡਾ. ਤਾਪਸ ਚਟਰਜੀ, ਕਿਰਨਦੀਪ ਕੌਰ ਅਤੇ ਸੁਰਿੰਦਰ ਕੌਰ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ। ਡਾ. ਮਾਰਥਾ ਨੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਕਾਲਜ ਦੇ ਬਾਇਓਟੈੱਕ ਵਿਭਾਗ ਦੀ ਮੁਖੀ ਪ੍ਰੋ. ਮਮਤਾ ਅਰੋੜਾ, ਪ੍ਰੋ. ਚਾਰੂ ਮਿੱਤਰਾ ਅਤੇ ਪ੍ਰੋ. ਪ੍ਰਭਜੀਤ ਕੌਰ ਆਦਿ ਵੀ ਹਾਜ਼ਰ ਸਨ।

-ਨਿੱਜੀ ਪੱਤਰ ਪ੍ਰੇਰਕ